**ਨਮੂਨਾ ਪ੍ਰਸ਼ਨ ਪੱਤਰ**

# ਵਿੱਦਿਅਕ ਸਾਲ 2022-2023

# ਸ਼੍ਰੇਣੀ - ਬਾਰ੍ਹਵੀਂ

# ਵਿਸ਼ਾ - ਖੇਤੀਬਾੜੀ (ਲਿਖਤੀ)

**ਸਮਾਂ : 3 ਘੰਟੇ** **ਕੁੱਲ ਅੰਕ : 70**

**ਭਾਗ - I**

**1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :**

(i) ਮਿੱਟੀ ਵਿੱਚ ਪਾਏ ਜਾਣ ਵਾਲੇ ਗਲੇ-ਸੜ੍ਹੇ ਜੈਵਿਕ ਪਦਾਰਥਾਂ ਨੂੰ ਕੀ ਕਹਿੰਦੇ ਹਨ ?

(ੳ) ਮੱਲ੍ਹੜ (ਅ) ਜਿਪਸਮ (ੲ) ਚੂਨਾ (ਸ) ਯੂਰੀਆ 1

(ii) ਅਨਾਜ ਵਾਲੀ ਫ਼ਸਲ ਕਿਹੜੀ ਹੈ ?

(ੳ) ਮੂੰਗੀ (ਅ) ਕਣਕ (ੲ) ਸਰੋਂ (ਸ) ਗੰਨਾ 1

(iii) ਸੂਣ ਵਾਲੀ ਲਵੇਰੀ ਨੂੰ ਕਿੰਨੇ ਦਿਨ ਪਹਿਲਾਂ ਦੁੱਧੋਂ ਹਟਾ ਲੈਣਾ ਚਾਹੀਦਾ ਹੈ ?

(ੳ) 25 (ਅ) 60 (ੲ) 30 (ਸ) 40 1

(iv) ਚੂਚਿਆਂ ਨੂੰ ਗਰਮੀ ਦੇਣ ਵਾਲੇ ਯੰਤਰ ਨੂੰ ਕੀ ਕਿਹਾ ਜਾਂਦਾ ਹੈ ?

( ੳ) ਕਲਟੀਵੇਟਰ ( ਅ) ਬਰੂਡਰ ( ੲ) ਬੈਰੋਮੀਟਰ (ਸ) ਲੇਜ਼ਰ ਲੈਵਲਰ 1

(v) ਪੌਦਿਆਂ ਦੇ ਪੱਤਿਆਂ ਵਿੱਚ ਮੌਜੂਦ ਬਾਰੀਕ-ਬਾਰੀਕ ਸਾਹ ਮੋਰੀਆਂ ਨੂੰ ਕੀ ਕਹਿੰਦੇ ਹਨ ?

(ੳ) ਸਟੋਮੈਟਾ (ਅ) ਜਾਈਲਮ (ੲ) ਫਲੋਇਮ (ਸ) ਸਟਿਗਮਾ 1

(vi) ਬੀਜ ਦੇ ਉੱਗਣ ਲਈ ਕਿਹੜੀਆਂ ਸ਼ਰਤਾਂ ਦਾ ਹੋਣਾ ਜ਼ਰੂਰੀ ਹੈ ?

(ੳ) ਪਾਣੀ (ਅ) ਹਵਾ (ੲ) ਗਰਮੀ (ਸ) ਇਹ ਸਾਰੇ 1

(vii) ਥਣਧਾਰੀ ਜੰਤੂਆਂ ਸਾਹ ਪ੍ਰਣਾਲੀ ਦਾ ਮੁੱਖ ਅੰਗ ਕਿਹੜਾ ਹੁੰਦਾ ਹੈ ?

(ੳ) ਗੁਰਦੇ (ਅ) ਫੇਫੜੇ (ੲ) ਦਿਲ (ਸ) ਮਿਹਦਾ 1

(viii) ਕੀੜਿਆਂ ਦੀ ਸੁੰਡੀ ਅਵਸਥਾ ਨੂੰ ਹੋਰ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਹੈ ?

(ੳ) ਲਾਰਵਾ (ਅ) ਪਿਊਪਾ (ੲ) ਅੰਡਾ (ਸ) ਬਾਲਗ ਕੀੜਾ 1

**2. ਹੇਠ ਲਿਖੀਆਂ ਖ਼ਾਲੀ ਥਾਵਾਂ ਵਿੱਚ ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਭਰੋ :**

(i) ਭੂਮੀ ਵਿੱਚ ਚੂਨੇ ਦੀ ਮਾਤਰਾ ਵੱਧ ਹੋਣ ਨਾਲ ਉਸ ਦਾ ਰੰਗ .................... ਹੋ ਜਾਂਦਾ ਹੈ। (ਕਾਲਾ / ਚਿੱਟਾ) 1

(ii) ਮਿਊਰੇਟ ਆਫ ਪੋਟਾਸ਼ ਖਾਦ ਵਿੱਚ .................... ਤੱਤ ਪਾਇਆ ਜਾਂਦਾ ਹੈ। (ਪੋਟਾਸ਼ / ਨਾਈਟਰੋਜਨ) 1

(iii) ਮੱਝ ਦਾ ਗਰਭ ਕਾਲ ................. ਦਿਨ ਦਾ ਹੁੰਦਾ ਹੈ। (210 / 310) 1

(iv) ਮਾਸ ਲਈ ਪਾਲੇ ਜਾਣ ਵਾਲੇ ਚੂਚਿਆਂ ਨੂੰ ..................... ਕਹਿੰਦੇ ਹਨ। (ਲੇਅਰਜ / ਬਰਾਇਲਰਜ) 1

(v) ਪੱਥਰਚੱਟ ਦਾ ਨਵਾਂ ਪੌਦਾ ....................... ਰਾਹੀਂ ਤਿਆਰ ਕੀਤਾ ਜਾਂਦਾ ਹੈ। (ਪੱਤੇ / ਬੀਜ) 1

(vi) ਸਾਹ ਕਿਰਿਆ ਦੌਰਾਨ ਪੌਦੇ ................. ਗੈਸ ਲੈਂਦੇ ਹਨ। (ਆਕਸੀਜਨ / ਨਾਈਟਰੋਜਨ)1

| | | | |
|---|---|---|---|
| (vii) | ਪਸੀਨਾ .................... ਰਾਹੀਂ ਸਰੀਰ ਵਿੱਚੋਂ ਬਾਹਰ ਨਿਕਲਦਾ ਹੈ। | (ਚਮੜੀ / ਫੇਫੜੇ) | 1 |
| (viii) | ਰੇਸ਼ਮ ਦੇ ਕੀੜੇ ਦੇ ਸਰੀਰ ਵਿੱਚ ਮੌਜੂਦ ................ ਗ੍ਰੰਥੀ ਤੋਂ ਰੇਸ਼ਮ ਬਣਦਾ ਹੈ। | (ਰੇਸ਼ਮ / ਸ਼ਹਿਦ) | 1 |

**3. ਹੇਠ ਲਿਖੇ ਕਥਨਾਂ ਵਿੱਚੋਂ ਸਹੀ / ਗਲਤ ਚੁਣੋ :**

| | | |
|---|---|---|
| (i) | ਰੇਤਲੀ ਮਿੱਟੀ ਦੇ ਕਣ ਮੋਟੇ ਹੁੰਦੇ ਹਨ। | 1 |
| (ii) | ਕਣਕ ਸਾਉਣੀ ਰੁੱਤ ਦੀ ਫ਼ਸਲ ਹੈ। | 1 |
| (iii) | ਬਾਜਰਾ ਅਤੇ ਜਵਾਰ ਤੇਲ ਬੀਜ ਵਾਲੀਆਂ ਫ਼ਸਲਾਂ ਹਨ। | 1 |
| (iv) | ਮੁਰਗੀ ਦੇ ਇੱਕ ਆਂਡੇ ਦਾ ਔਸਤਨ ਭਾਰ 56 ਗ੍ਰਾਮ ਹੁੰਦਾ ਹੈ। | 1 |
| (v) | ਵਧੀਆ ਨਸਲ ਦੀ ਮੱਝ ਦੀ ਚਮੜੀ ਪਤਲੀ ਹੁੰਦੀ ਹੈ। | 1 |
| (vi) | ਗਾਂ ਦੇ ਦੁੱਧ ਵਿੱਚ ਥਿੰਧਿਆਈ (ਫੈਟ) ਮੱਝ ਦੇ ਦੁੱਧ ਨਾਲੋਂ ਵੱਧ ਹੁੰਦੀ ਹੈ। | 1 |
| (vii) | ਖਰਗੋਸ਼ ਨੂੰ ਉੱਨ ਅਤੇ ਮੀਟ ਪ੍ਰਾਪਤ ਕਰਨ ਲਈ ਪਾਲਿਆ ਜਾਂਦਾ ਹੈ। | 1 |
| (viii) | ਹਾਨੀਕਾਰਕ ਕੀੜੇ ਅਤੇ ਬਿਮਾਰੀਆਂ ਫ਼ਸਲਾਂ ਨੂੰ ਲਾਭ ਪਹੁੰਚਾਉਂਦੇ ਹਨ। | 1 |

**4. ਸਹੀ ਮਿਲਾਨ ਕਰੋ :**

| | | | | |
|---|---|---|---|---|
| (i) | ਪੌਦਿਆਂ ਲਈ ਜ਼ਰੂਰੀ ਮੁੱਖ ਖੁਰਾਕੀ ਤੱਤ | (ੳ) | ਆਂਡਾ, ਲਾਰਵਾ, ਪਿਊਪਾ ਅਤੇ ਬਾਲਗ ਕੀਟ | 1 |
| (ii) | ਹਰੇ ਚਾਰੇ ਦਾ ਆਚਾਰ | (ਅ) | ਪਰਾਗ ਕੋਸ਼ | 1 |
| (iii) | ਫੁੱਲ ਦਾ ਨਰ ਭਾਗ | (ੲ) | ਸਾਈਲੇਜ | 1 |
| (iv) | ਕੀੜੇ (ਕੀਟ) ਦੇ ਜੀਵਨ ਚੱਕਰ ਦੀਆਂ ਅਵਸਥਾਵਾਂ | (ਸ) | ਨਾਈਟਰੋਜਨ ਅਤੇ ਫਾਸਫੋਰਸ | 1 |

## ਭਾਗ - II

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਵਾਕਾਂ ਵਿੱਚ ਦਿਓ :**

| | | |
|---|---|---|
| **5.** | ਪੌਦੇ ਦੇ ਵਾਧੇ ਲਈ ਨਾਈਟਰੋਜਨ ਦੇ ਕੋਈ ਦੋ ਕੰਮ ਲਿਖੋ। | **2** |
| **6.** | ਪਨੀਰੀ ਲਗਾ ਕੇ ਉਗਾਈਆਂ ਜਾ ਸਕਣ ਵਾਲੀਆਂ ਕਿਸੇ ਚਾਰ ਸਬਜ਼ੀਆਂ ਦੇ ਨਾਂ ਲਿਖੋ। | **2** |
| **7.** | ਕਿਸੇ ਦੋ ਮਿਸ਼ਰਿਤ ਖਾਦਾਂ ਦੇ ਨਾਂ ਲਿਖੋ। | **2** |
| **8.** | ਕਿਹੜੇ ਦੋ ਢੰਗਾਂ ਨਾਲ ਫ਼ਸਲ ਦੀ ਵੱਧ ਪੈਦਾਵਾਰ (ਉਪਜ) ਲਈ ਜਾ ਸਕਦੀ ਹੈ ? | **2** |
| **9.** | ਦੁੱਧ ਚੋਣ ਤੋਂ ਬਾਅਦ ਦੁੱਧ ਦੀ ਸੰਭਾਲ ਕਿਵੇਂ ਕੀਤੀ ਜਾਂਦੀ ਹੈ ? | **2** |
| **10.** | ਮੁਰਗੀਆਂ ਦੀਆਂ ਚੁੰਝਾਂ ਕੱਟਣ ਦੇ ਕੋਈ ਦੋ ਲਾਭ ਲਿਖੋ। | **2** |
| **11.** | ਮੀਟ ਅਤੇ ਆਂਡੇ ਕਿਹੜੇ ਧੰਦੇ ਤੋਂ ਪ੍ਰਾਪਤ ਕੀਤੇ ਜਾਂਦੇ ਹਨ ? | **2** |
| **12.** | ਪਸ਼ੂਆਂ ਦੇ ਗੋਹੇ ਦੀ ਸਹੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ ? | **2** |
| **13.** | ਪ੍ਰਕਾਸ਼ ਸੰਸ਼ਲੇਸ਼ਣ ਦੌਰਾਨ ਹੋਣ ਵਾਲੀਆਂ ਦੋ ਰਸਾਇਣਕ ਕਿਰਿਆਵਾਂ ਦੇ ਨਾਂ ਲਿਖੋ। | **2** |
| **14.** | ਨਿਸ਼ੇਚਨ ਤੋਂ ਕੀ ਭਾਵ ਹੈ ? | **2** |
| **15.** | ਫ਼ਸਲ ਸੁਰੱਖਿਆ ਤੋਂ ਕੀ ਭਾਵ ਹੈ ? | **2** |

**ਭਾਗ - III**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਪੰਜ-ਛੇ ਵਾਕਾਂ ਵਿੱਚ ਦਿਓ :**

**16.** ਹਵਾ ਰਾਹੀਂ ਭੂਮੀ ਨੂੰ ਖੁਰਨ ਤੋਂ ਰੋਕਣ ਲਈ ਕੀਤੇ ਜਾਣ ਵਾਲੇ ਕੋਈ ਪੰਜ ਉਪਾਅ ਲਿਖੋ । **5**

ਜਾਂ

ਮੂੰਗੀ ਦੀ ਖੇਤੀ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਦਿਓ :

( ੳ) ਉੱਨਤ ਕਿਸਮ ( ਅ) ਬੀਜ ਦੀ ਮਾਤਰਾ ( ੲ) ਬੀਜਾਈ ਦਾ ਸਮਾਂ

( ਸ) ਝਾੜ (ਹ) ਵਾਢੀ **5**

**17.** ਇੱਕ ਚੰਗਾ ਪਸ਼ੂ ਘਰ (ਡੇਅਰੀ ਫਾਰਮ) ਬਣਾਉਂਦੇ ਸਮੇਂ ਕਿਹੜੀਆਂ ਪੰਜ ਮੁੱਖ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? **5**

ਜਾਂ

ਇੱਕ ਆਦਰਸ਼ ਮੁਰਗੀ ਖਾਨੇ (ਪੋਲਟਰੀ ਫਾਰਮ) ਵਿੱਚ ਕਿਹੜੀਆਂ ਪੰਜ ਮੁੱਖ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ ? **5**

**18.** ਉਤਵੈਦਨ (ਵਾਸ਼ਪ ਉਤਸਰਜਨ) ਕਿਰਿਆ ਨਾਲ ਪੌਦਿਆਂ ਨੂੰ ਹੋਣ ਵਾਲੇ ਕੋਈ ਪੰਜ ਲਾਭ ਲਿਖੋ । **5**

ਜਾਂ

ਸਵੈ-ਪਰਾਗਣ ਪੌਦਿਆਂ ਦੇ ਕੋਈ ਪੰਜ ਲੱਛਣ ਲਿਖੋ । **5**

**19.** ਸ਼ਹਿਦ ਦੀਆਂ ਮੱਖੀਆਂ ਪਾਲਣ ਦੇ ਕੋਈ ਪੰਜ ਲਾਭ ਲਿਖੋ । **5**

ਜਾਂ

ਥਣਧਾਰੀ ਜੰਤੂਆਂ ਦੇ ਕੋਈ ਪੰਜ ਲੱਛਣ ਲਿਖੋ । **5**

****************************